# ਇੱਟ ਭੱਠਾ ਮਾਲਕਾਂ ਲਈ ਸੂਚਨਾ

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਇੱਟ ਭੱਠਿਆਂ ਦੀ ਕਾਰਜ ਪ੍ਰਣਾਲੀ ਵਿੱਚ ਸੁਧਾਰ ਕਰਨ ਲਈ ਅਤੇ ਪ੍ਰਦੂਸ਼ਣ ਨੂੰ ਘਟਾਉਣ ਲਈ ਮੌਜੂਦਾ ਭੱਠਿਆਂ ਨੂੰ 31.01.2019 ਤੱਕ ਜ਼ਿੱਗਜ਼ੈਗ ਭੱਠਾ ਤਕਨੀਕ ਵਿੱਚ ਤਬਦੀਲ ਕਰਨ ਲਈ ਕਿਹਾ ਗਿਆ ਹੈ। ਪਰ ਇਹ ਵੇਖਣ ਵਿੱਚ ਆਇਆ ਹੈ ਕਿ ਭੱਠਾ ਮਾਲਕ ਆਪਣੇ ਮੌਜੂਦਾ ਰਿਵਾਇਤੀ ਭੱਠੇ (FCBTK) ਨੂੰ ਇੰਡਿਊਸਡ ਡਰਾਫਟ ਜ਼ਿੱਗਜ਼ੈਗ ਭੱਠੇ ਵਿੱਚ ਆਪਣੇ ਪੱਧਰ ਤੇ ਤਬਦੀਲ ਕਰ ਰਹੇ ਹਨ। ਜਿਸ ਕਾਰਨ ਭੱਠਿਆਂ ਦੀ ਕਾਰਜਕੁਸ਼ਲਤਾ ਅਤੇ ਪ੍ਰਦੂਸ਼ਣ ਕੰਟਰੋਲ ਵਿੱਚ ਸਮੱਸਿਆ ਆ ਸਕਦੀ ਹੈ। ਇਸ ਲਈ ਭੱਠਾ ਮਾਲਕਾਂ ਨੂੰ ਇਸ਼ਤਿਹਾਰ ਦੁਆਰਾ ਇਹ ਸਲਾਹ ਦਿੱਤੀ ਜਾਂਦੀ ਹੈ ਕਿ:

- ਭੱਠਾ ਮਾਲਕ ਆਪਣੇ ਮੌਜੂਦਾ ਭੱਠੇ ਨੂੰ ਜ਼ਿੱਗਜੈਗ ਪ੍ਰਣਾਲੀ ਵਿੱਚ ਬਦਲਣ ਤੋਂ ਪਹਿਲਾਂ ਹੀ ਪੰਜਾਬ ਸਟੇਟ ਕਾਊਂਸਲ ਫਾਰ ਸਾਇੰਸ ਐਂਡ ਤਕਨਾਲੋਜੀ ਤੋਂ ਇਸ ਦੀ ਤਕਨੀਕੀ ਸਹਾਇਤਾ ਲੈਣ ਅਤੇ ਆਪਣੇ ਭੱਠੇ ਦੀ ਉਸਾਰੀ ਡਿਜ਼ਾਇਨ ਦੇ ਮੁਤਾਬਿਕ ਕਰਨ। ਭੱਠੇ ਦੀ ਉਸਾਰੀ ਡਿਜ਼ਾਇਨ ਦੇ ਮੁਤਾਬਿਕ ਕਰਨ ਤੋਂ ਬਾਅਦ ਹੀ ਉਨ੍ਹਾਂ ਨੂੰ ਕੰਮਪਲੀਸ਼ਨ ਸਰਟੀਫੀਕੇਟ ਦਿੱਤਾ ਜਾਵੇਗਾ।
- ਜਿਹੜੇ ਭੱਠਾ ਮਾਲਕਾਂ ਨੇ ਭੱਠੇ ਨੂੰ ਆਪਣੇ ਪੱਧਰ ਤੇ ਹੀ ਜ਼ਿੱਗਜ਼ੈਗ ਹਾਈਡਰਾਫਟ ਭੱਠੇ ਵਿੱਚ ਤਬਦੀਲ ਕਰ ਲਿਆ ਹੈ ਅਤੇ ਇਸ ਦੇ ਡਿਜ਼ਾਇਨ/ਨਕਸ਼ੇ ਲਈ ਕਾਊਂਸਲ ਨੂੰ ਬਾਅਦ ਵਿੱਚ ਸੰਪਰਕ ਕੀਤਾ ਹੈ, ਉਹ ਕਾਊਂਸਲ ਵੱਲੋਂ ਦਿੱਤੀਆਂ ਗਈਆਂ ਸਿਫਾਰਸ਼ਾਂ ਦੇ ਮੁਤਾਬਿਕ ਭੱਠੇ ਵਿੱਚ ਲੋੜੀਂਦੀ ਤਬਦੀਲੀ ਕਰਨ, ਜਿਸ ਤੋਂ ਬਾਅਦ ਇਹਨਾਂ ਭੱਠਿਆਂ ਨੂੰ ਕੰਮਪਲੀਸ਼ਨ ਸਰਟੀਫੀਕੇਟ ਦਿੱਤਾ ਜਾਵੇਗਾ।
- ਜੋ ਭੱਠਾ ਮਾਲਕ ਫੀਸ ਬੈਂਕ ਰਾਹੀਂ ਜਮ੍ਹਾ ਕਰਵਾਉਂਦੇ ਹਨ ਉਨ੍ਹਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਭੱਠੇ ਦਾ ਨਾਮ, ਪਤਾ, GST ਨੰਬਰ ਅਤੇ ਫੋਨ ਨੰਬਰ ਇਸ ਦਫਤਰ ਨੂੰ ਜ਼ਰੂਰ ਸੂਚਿਤ ਕਰਨ।
- ਭੱਠਿਆਂ ਦੇ ਡਿਜ਼ਾਇਨ ਅਤੇ ਤਕਨੀਕੀ ਸਹਾਇਤਾ ਲਈ ਭੱਠਾ ਮਾਲਕ ਇਸ ਦਫਤਰ ਨੂੰ ਸਿੱਧੇ ਤੌਰ ਤੇ ਜਾਂ ਈਮੇਲ stcouncilpb@gmail.com ਰਾਹੀਂ ਸੰਪਰਕ ਕਰ ਸਕਦੇ ਹਨ।

**ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ,**
**MGSIPA ਕੰਪਲੈਕਸ, ਸੈਕਟਰ 26, ਚੰਡੀਗੜ੍ਹ।**
**ਫੋਨ ਨੰ. 01722793300, 2792325**
ਮੋਬਾਇਲ ਨੰ: 98883-31415